# ਸ਼੍ਰੇਣੀ- ਅੱਠਵੀਂ

## ਗ੍ਰਹਿ ਵਿਗਿਆਨ

ਸਮਾਂ:3 ਘੰਟੇ
ਸਮਾਂ: 3 ਘੰਟੇ

ਲਿਖਤੀ: 40 ਅੰਕ
ਪ੍ਰਯੋਗੀ: 50 ਅੰਕ
ਸੀ.ਸੀ.ਈ.: 10 ਅੰਕ
ਕੁੱਲ: 100 ਅੰਕ

### ਪ੍ਰਸ਼ਨ ਪੱਤਰ ਦੀ ਰੂਪ-ਰੇਖਾ (ਲਿਖਤੀ)

1. ਪ੍ਰਸ਼ਨ ਪੱਤਰ ਵਿੱਚ ਕੁੱਲ 21 ਪ੍ਰਸ਼ਨ ਹੋਣਗੇ।

2. ਪ੍ਰਸ਼ਨ ਪੱਤਰ ਤਿੰਨ ਭਾਗਾਂ ਵਿੱਚ ਵੰਡਿਆ ਹੋਵੇਗਾ। ਹਰ ਭਾਗ ਸਾਰੇ ਪਾਠ-ਕ੍ਰਮ ਤੇ ਅਧਾਰਿਤ ਹੋਵੇਗਾ।

**ਭਾਗ-।** ਵਿੱਚ ਸੱਤ (07) ਵਸਤੂਨਿਸ਼ਠ ਪ੍ਰਸ਼ਨ (1 ਤੋਂ 7) ਪੁੱਛੇ ਜਾਣਗੇ। ਹਰ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ। ਸਾਰੇ ਪ੍ਰਸ਼ਨ ਵਸਤੂਨਿਸ਼ਠ/ ਬਹੁ-ਭਾਂਤੀ ਉੱਤਰਾਂ ਵਾਲੇ ਹੋਣਗੇ। $7\times1=7$

**ਭਾਗ-।।** ਵਿੱਚ ਨੌ (9) ਛੋਟੇ ਉੱਤਰਾਂ ਵਾਲੇ ਪ੍ਰਸ਼ਨ (8 ਤੋਂ 16) ਪੁੱਛੇ ਜਾਣਗੇ, ਜਿਨ੍ਹਾਂ ਵਿੱਚੋਂ ਕੋਈ ਛੇ (6) ਪ੍ਰਸ਼ਨ ਕਰਨੇ ਹੋਣਗੇ। ਹਰ ਪ੍ਰਸ਼ਨ 3 ਅੰਕ ਦਾ ਹੋਵੇਗਾ। $6\times3=18$

**ਭਾਗ-।।।** ਵਿੱਚ ਪੰਜ (5) ਨਿਬੰਧਾਤਮਕ ਪ੍ਰਸ਼ਨ (17 ਤੋਂ 21) ਪੁੱਛੇ ਜਾਣਗੇ ਜਿਨ੍ਹਾਂ ਵਿੱਚੋਂ ਕੋਈ ਤਿੰਨ (3) ਪ੍ਰਸ਼ਨ ਕਰਨੇ ਹੋਣਗੇ। ਹਰ ਪ੍ਰਸ਼ਨ 5 ਅੰਕ ਦਾ ਹੋਵੇਗਾ। $3\times5=15$

ClassResult.in

### ਮਾਡਲ ਟੈਸਟ ਪੇਪਰ

ਸਮਾਂ : 3 ਘੰਟੇ

ਕੁੱਲ ਅੰਕ : 40

### ਭਾਗ-1

**ਭਾਗ-। ਵਿੱਚ ਕੁੱਲ 7 ਵਸਤੂਨਿਸ਼ਠ ਪ੍ਰਸ਼ਨ ( ਪ੍ਰਸ਼ਨ ਨੰ: 1 ਤੋਂ 7) ਹਨ। ਹਰ ਇੱਕ ਪ੍ਰਸ਼ਨ 1 ਅੰਕ ਦਾ ਹੈ ਅਤੇ ਸਾਰੇ ਪ੍ਰਸ਼ਨ ਲਾਜ਼ਮੀ ਹਨ।**

ਪ੍ਰ.1 ਸ਼ਰੀਰ ਦੀ ਸਫਾਈ ਲਈ ਜ਼ਰੂਰੀ ਹੈ:-

(ੳ) ਸਾਬਣ (ਅ) ਤੇਲ

(ੲ) ਕਰੀਮ ਅਤੇ ਪਾਊਡਰ (ਸ) ਉਪਰੋਕਤ ਸਾਰੇ

ਪ੍ਰ.2 ਉੱਲੀ .......... ਵਾਲੇ ਪਦਾਰਥਾਂ ਨੂੰ ਲਗਦੀ ਹੈ।

ਪ੍ਰ.3 ਖਾਣਾ ਖਾਣ ਦੇ ਕਿੰਨੇ ਤਰੀਕੇ ਹਨ?

ਪ੍ਰ.4 ਫਰਨੀਚਰ ਕਿਸ ਕਿਸਮ ਦੀ ਲੱਕੜੀ ਦਾ ਹੋ ਸਕਦਾ ਹੈ?

ਪ੍ਰ.5 ਐਨਾਫਲੀਜ਼ ਮੱਛਰ ਨਾਲ ............ ਹੋ ਜਾਂਦਾ ਹੈ।

ਪ੍ਰ.6 ਉੱਨੀ ਕੱਪੜੇ ਜ਼ਿਆਦਾ ਗਰਮ ਪਾਣੀ, ਖਾਰ, ਰਗੜਨ ਅਤੇ ਮਰੋੜਨ ਨਾਲ ਖਰਾਬ ਹੋ ਜਾਂਦੇ ਹਨ।
(ਸਹੀ ਜਾਂ ਗਲਤ)

ਪ੍ਰ.7 ਮੁੱਢਲੀ ਸਹਾਇਤਾ ਕਿਉਂ ਜ਼ਰੂਰੀ ਹੈ?

$7 \times 1 = 7$

## ਭਾਗ–II

**ਭਾਗ–II ਵਿੱਚ ਕੁੱਲ 9 ਛੋਟੇ ਉੱਤਰਾਂ ਵਾਲੇ ਪ੍ਰਸ਼ਨ ( ਪ੍ਰਸ਼ਨ ਨੰ: 8 ਤੋਂ 16) ਹਨ, ਜਿਨ੍ਹਾਂ ਵਿੱਚੋਂ ਕੋਈ 6 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰ ਇੱਕ ਪ੍ਰਸ਼ਨ 3 ਅੰਕ ਦਾ ਹੈ**

ਪ੍ਰ.8 ਲੋੜ ਤੋਂ ਵੱਧ ਜਾਂ ਘੱਟ ਖਾਣ ਦੇ ਕੀ ਨੁਕਸਾਨ ਹਨ?

ਪ੍ਰ.9 ਤੰਗ ਕੱਪੜੇ ਪਹਿਨਣ ਦੇ ਕੀ ਨੁਕਸਾਨ ਹਨ?

ਪ੍ਰ.10 ਚੰਗੇ ਸ਼ਿਸ਼ਟਾਚਾਰ ਤੋਂ ਕੀ ਭਾਵ ਹੈ?

ClassResult.in

ਪ੍ਰ.11 ਦੁੱਧ ਨੂੰ ਉਬਾਲਣਾ ਕਿਉਂ ਜ਼ਰੂਰੀ ਹੈ?

ਪ੍ਰ.12 ਖਾਣਾ ਖਾਣ ਸਮੇਂ ਤੁਸੀਂ ਕਿੰਨ੍ਹਾਂ ਨਿਯਮਾਂ ਦਾ ਪਾਲਣ ਕਰੋਗੇ?

ਪ੍ਰ.13 ਲੱਕੜੀ ਦੇ ਫਰਨੀਚਰ ਦੀ ਕਿਸ ਤਰ੍ਹਾਂ ਦੇਖਭਾਲ ਕਰੋਗੇ?

ਪ੍ਰ.14 ਕੀੜੇ ਮਕੌੜੇ ਕਿੰਨੀ ਤਰ੍ਹਾਂ ਦੇ ਹੁੰਦੇ ਹਨ?

ਪ੍ਰ.15 ਕੱਪੜਿਆਂ ਨੂੰ ਸੰਭਾਲ ਕੇ ਰੱਖਣਾ ਕਿਉਂ ਜ਼ਰੂਰੀ ਹੈ?

ਪ੍ਰ. 16 ਕੰਨ ਵਿੱਚੋਂ ਖੂਨ ਵਗਣ ਦਾ ਕੀ ਕਾਰਨ ਹੈ?

$6 \times 3 = 18$

## ਭਾਗ–III

**ਭਾਗ–III ਵਿੱਚ ਕੁੱਲ 5 ਨਿਬੰਧਾਤਮਕ ਪ੍ਰਸ਼ਨ ( ਪ੍ਰਸ਼ਨ ਨੰ: 17 ਤੋਂ 21) ਹਨ, ਜਿਨ੍ਹਾਂ ਵਿੱਚੋਂ ਕੋਈ 3 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰ ਇੱਕ ਪ੍ਰਸ਼ਨ 5 ਅੰਕ ਦਾ ਹੈ**

ਪ੍ਰ.17 ਗਰਮ ਕੱਪੜੇ ਧੋਣ ਸਮੇਂ ਕਿਹੜੀਆਂ ਸਾਵਧਾਨੀਆਂ ਵਰਤੋਂਗੇ?

ਪ੍ਰ.18 ਜ਼ਖਮ ਕਿੰਨੀ ਤਰ੍ਹਾਂ ਦੇ ਹੁੰਦੇ ਹਨ? ਵਿਸਥਾਰ ਨਾਲ ਲਿਖੋ।

ਪ੍ਰ.19 ਫਰਨੀਚਰ ਦੀ ਚੋਣ ਕਰਦੇ ਸਮੇਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ?

ਪ੍ਰ.20 ਖਾਣ-ਪੀਣ ਅਤੇ ਸੌਣ ਦੀਆਂ ਚੰਗੀਆਂ ਆਦਤਾਂ ਕਿਹੜੀਆਂ ਹਨ ਅਤੇ ਇਹਨਾਂ ਦੀ ਕੀ ਮਹੱਤਤਾ ਹੈ?

ਪ੍ਰ.21 ਭੋਜਨ ਦੇ ਕਿਹੜੇ-ਕਿਹੜੇ ਤੱਤ ਹਨ ਅਤੇ ਇਹ ਕਿਹੜੇ ਸੋਮਿਆਂ ਤੋਂ ਮਿਲਦੇ ਹਨ?

$3 \times 5 = 15$

ClassResult.in